# THE OXFORD SCHOOL OF EDUCATION, BHAGTA BHAI KA

**Date:- April 30, 2020**

ਸਤਿਕਾਰਯੋਗ ਮਾਤਾ-ਪਿਤਾ ਜੀਓ

ਲਾਕਡਾਊਨ ਦੇ ਮੱਦੇਨਜ਼ਰ ਪਿਛਲੇ ਦਿਨੀਂ CBSE ਦੇ ਐਗਜ਼ਾਮੀਨੇਸ਼ਨ ਕੰਟਰੋਲਰ ਡਾ. ਸੰਯਮ ਭਾਰਦਵਾਜ ਵੱਲੋਂ ਵੱਖ ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਨਾਲ ਆਨਲਾਈਨ ਹੋਈ ਮੀਟਿੰਗ ਦੇ ਵਿੱਚ ਕੁਝ ਅਹਿਮ ਫੈਸਲੇ ਹੇਠ ਲਿਖੇ ਅਨੁਸਾਰ ਲਾਗੂ ਕਰਨ ਤੇ ਕਰਵਾਉਣ ਦੀਆਂ ਸਖ਼ਤ ਹਦਾਇਤਾਂ ਕੀਤੀਆਂ ਗਈਆਂ ।

1. ਸਕੂਲਾਂ ਵੱਲੋਂ ਆਨਲਾਈਨ ਕਲਾਸਾਂ ਸਾਰੇ ਬੱਚਿਆਂ ਲਈ ਲਾਜ਼ਮੀ ਕੀਤੀਆਂ ਗਈਆਂ ।

2. ਬੱਚਿਆਂ ਲਈ ਇਨ੍ਹਾਂ ਆਨਲਾਈਨ ਕਲਾਸਾਂ ਵਿੱਚ ਹਾਜ਼ਰ ਰਹਿਣਾ ਲਾਜ਼ਮੀ ਕੀਤਾ ਗਿਆ ।

3. ਮਾਪੇ ਬੱਚਿਆਂ ਦੀ ਆਨਲਾਈਨ ਕਲਾਸਾਂ ਵਿਚ ਹਾਜ਼ਰੀ ਨੂੰ ਯਕੀਨੀ ਬਣਾਉਣ ।

4. ਇਨ੍ਹਾਂ ਆਨਲਾਈਨ ਕਲਾਸਾਂ ਦੀ ਹਾਜ਼ਰੀ ਸਾਲਾਨਾ ਬੋਰਡ ਇਮਤਿਹਾਨਾਂ ਦੀ ਹਾਜ਼ਰੀ ਵਜੋਂ ਗਿਣੀ ਜਾਵੇਗੀ ।

5. ਅਧਿਆਪਕ ਇਸ ਹਾਜ਼ਰੀ ਦਾ ਪੂਰਾ ਰਿਕਾਰਡ ਰੱਖਣ ।

6. ਪਾਠਕ੍ਰਮ (syllabus)ਪੂਰਨ ਤੌਰ ਤੇ ਅਤੇ ਸਮੇਂ ਸਿਰ ਪੂਰਾ ਕਰਨਾ ਬੱਚੇ ਅਤੇ ਅਧਿਆਪਕਾਂ ਵਾਸਤੇ ਲਾਜ਼ਮੀ ਕੀਤਾ ਗਿਆ ।

7. ਆਨਲਾਈਨ ਪੜ੍ਹਾਈ ਕਿਸੇ ਵੀ ਤਰੀਕੇ ਨਾਲ ਜਿਵੇਂ ਕਿ ਲਾਈਵ ਵੀਡੀਓ ਐਪ, ਪ੍ਰੀ ਰਿਕਾਰਡਡ ਵੀਡੀਓ ਜਾਂ ਲੈਕਚਰ, ਲਿਖਤੀ ਨੋਟਸ, ਪੀਡੀਐੱਫ ਜਾਂ ਵਟਸਐਪ ਮੈਸੇਜ ਗਰੁੱਪ ਰਾਹੀਂ ਜਦੋਂ ਤੱਕ ਅਗਲੀਆਂ ਹਦਾਇਤਾਂ ਜਾਰੀ ਨਹੀਂ ਹੁੰਦੀਆਂ ਉਦੋਂ ਤੱਕ ਜਾਰੀ ਰੱਖਣੀ ਹੋਵੇਗੀ ।